## ਕਾਈਓਟੀ ਕੀ ਹੈ?

ਕਾਈਓਟੀ, ਛੋਟੇ ਜੰਗਲੀ ਕੇਨਾਈਨਸ ਹਨ, ਜਿਹਨਾਂ ਦਾ ਵਜ਼ਨ ਆਮ ਤੌਰ ਤੇ 30 ਤੋਂ 40 ਪੌਂਡ ਹੁੰਦਾ ਹੈ। ਉਹਨਾਂ ਦੇ ਫਰ ਦਾ ਰੰਗ ਵੱਖਰਾ ਹੁੰਦਾ ਹੈ, ਸੁਨਹਿਰੀ ਤੋਂ ਲੈ ਕੇ ਲਾਲ ਅਤੇ ਭੂਰਾ।

ਈਸਟਰਨ ਕਾਈਓਟੀ (Eastern Coyote) ਬ੍ਰੈਂਪਟਨ ਸਮੇਤ, ਸਮੁੱਚੇ ਉੱਤਰੀ ਅਮਰੀਕਾ (North America) ਦੇ ਸ਼ਹਿਰੀ ਖੇਤਰਾਂ ਵਿੱਚ ਆਮ ਹਨ।

ਇਹ ਅਨੁਕੂਲ ਜਾਨਵਰ ਰੂਰਲ ਏਰੀਆਜ ਵਿੱਚ ਵਧਦੇ-ਫੁੱਲਦੇ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਖੱਡਾਂ, ਘਾਟੀ ਦੀਆਂ ਜ਼ਮੀਨਾਂ ਅਤੇ ਵੱਡੇ ਸ਼ਹਿਰਾਂ ਵਿੱਚ ਜੰਗਲੀ ਖੇਤਰ, ਜਿਵੇਂ ਬ੍ਰੈਂਪਟਨ। ਉਹ ਹਿੰਬਰਨੇਟ ਨਹੀਂ ਹੁੰਦੇ, ਇਸਲਈ ਉਹ ਪੂਰਾ ਸਾਲ ਦਿਖ ਸਕਦੇ ਹਨ।

ਕਾਈਓਟੀਸ ਆਮ ਤੌਰ ਤੇ ਸ਼ਰਮੀਲੇ ਹੁੰਦੇ ਹਨ ਅਤੇ ਹਮਲਾ ਨਹੀਂ ਕਰਦੇ ਪਰੰਤੂ ਉਹ ਉਤਸੁਕ ਹੋ ਸਕਦੇ ਹਨ।

ਕਾਈਓਟੀਸ ਇੱਕ-ਦੂਜੇ ਨੂੰ ਮਿਲਣ ਵੇਲੇ ਤਿੱਖੀ ਅਵਾਜ਼ ਕੱਢਦੇ, ਚੀਕਦੇ ਅਤੇ ਭੌਂਕਦੇ ਹਨ, ਇਲਾਕੇ ਦਾ ਬਚਾਅ ਕਰਦੇ ਹਨ, ਪਰਿਵਾਰ ਨੂੰ ਲੱਭਦੇ ਹਨ, ਖੁਸ ਹੁੰਦੇ ਹਨ ਅਤੇ ਇੱਕ-ਦੂਜੇ ਨੂੰ ਖਤਰੇ ਤੋਂ ਸਾਵਧਾਨ ਕਰਦੇ ਹਨ। ਜੇਕਰ ਤੁਸੀਂ ਕਾਈਓਟੀਸ ਨੂੰ ਇੱਦਾਂ ਗੱਲਬਾਤ ਕਰਦੇ ਸੁਣੋ, ਤਾਂ ਆਪਣੀ ਦੂਰੀ ਬਣਾ ਕੇ ਰੱਖੋ ਅਤੇ ਉਹਨਾਂ ਦੀ ਥਾਂ ਦਾ ਸਨਮਾਨ ਕਰੋ।

## ਸਾਡੀ ਕਮਿਉਨਿਟੀ ਵਿੱਚ ਕਾਈਓਟੀਸ

ਕਾਈਓਟੀਸ ਵਿਭਿੰਨ ਈਕੋਸਿਸਟਮ ਦੇ ਮਹੱਤਵਪੂਰਣ ਮੈਂਬਰ ਹਨ ਅਤੇ ਇਹ ਜ਼ਰੂਰੀ ਅਤੇ ਸਿਹਤਮੰਦ ਸ਼ਿਕਾਰ-ਸ਼ਿਕਾਰੀ ਸੰਤੁਲਨ ਵਿੱਚ ਯੋਗਦਾਨ ਦਿੰਦੇ ਹਨ। ਜਦੋਂ ਇਹਨਾਂ ਨੂੰ ਇਕੱਲਾ ਛੱਡਿਆ ਜਾਵੇ, ਤਾਂ ਸਾਨੂੰ ਉਹਨਾਂ ਦੀਆਂ ਗਤੀਵਿਧੀਆਂ ਤੋਂ ਜ਼ਬਰਦਸਤ ਫਾਇਦਾ ਹੁੰਦਾ ਹੈ, ਹਾਲਾਂਕਿ, ਜਦੋਂ ਅਸੀਂ ਉਹਨਾਂ ਨੂੰ ਜਾਣਬੁੱਝ ਕੇ ਖਵਾਉਂਦੇ ਹਾਂ ਜਾਂ ਅਣਜਾਣੇ ਵਿੱਚ ਸਾਡੇ ਸ਼ਹਿਰ ਵਿੱਚ ਮੁਫਤ ਭੋਜਨ ਦੇ ਮੌਕੇ ਪੈਦਾ ਕਰਦੇ ਹਾਂ ਤਾਂ ਮਨੁੱਖ-ਕਾਈਓਟੀਸ ਟਕਰਾਅ ਪੈਦਾ ਹੋ ਸਕਦਾ ਹੈ। ਕਾਈਓਟੀਸ ਵਿਵਹਾਰ ਵਿੱਚ ਮੌਕਾਪਰਸਤ ਹੁੰਦੇ ਹਨ ਅਤੇ ਆਪਣੇ ਭੋਜਨ ਦੇ ਪਿੱਛੇ ਭੱਜਣ ਦੀ ਬਜਾਏ ਉਹਨਾਂ ਸਰੋਤਾਂ ਤੋਂ ਭੋਜਨ ਲੈ ਲੈਂਦੇ ਹਨ, ਜੋ ਅਸਾਨੀ ਨਾਲ ਉਪਲਬਧ ਹੁੰਦੇ ਹਨ।





**ਸਿਟੀ ਆਫ ਬ੍ਰੈਂਪਟਨ ਐਨੀਮਲ ਸਰਵਿਸਿਜ**
**(City of Brampton Animal Services)**

475 Chrysler Drive
905.458.5800

**www.brampton.ca/animalservices**

ਕਾਈਓਟੀਸ ਦੀ ਮੌਜੂਦਗੀ ਵਾਲੇ ਖੇਤਰ ਵਿੱਚ ਰਹਿਣ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇਹਨਾਂ ਨੂੰ ਸੰਪਰਕ ਕਰੋ:

Ministry of Natural Resources and Forestry

**1.800.667.1940**
**www.ontario.ca/mnrf**

Coyote Watch Canada

**905.931.2610**
**www.coyotewatchcanada.com**

BRAMPTON

**Punjabi**

City of Brampton
**Animal Services**



# ਬਸੰਤ ਅਤੇ ਗਰਮੀਆਂ ਵਿੱਚ ਕਾਈਓਟੀਸ ਦੀ ਮੌਜੂਦਗੀ ਵਾਲੇ ਖੇਤਰ ਵਿੱਚ ਰਹਿਣਾ

BRAMPTON

**Punjabi**

## ਬਸੰਤ ਅਤੇ ਗਰਮੀ, ਬੱਚੇ ਪੈਦਾ ਕਰਨ ਦਾ ਸੀਜ਼ਨ ਹੈ

### ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਬੱਚੇ ਪੈਦਾ ਕਰਨ ਅਤੇ ਘੁਰਨੇ ਵਿੱਚ ਰਹਿਣ ਦਾ ਸੀਜ਼ਨ, ਅਪ੍ਰੈਲ ਤੋਂ ਜੁਲਾਈ ਦੇ ਵਿਚਕਾਰ ਹੁੰਦਾ ਹੈ। ਇਹ ਸਾਲ ਦਾ ਉਹ ਸਮਾਂ ਹੁੰਦਾ ਹੈ, ਜਦੋਂ ਕਾਈਓਟੀਸ ਮੇਲ ਕਰਦੇ ਹਨ ਅਤੇ ਆਪਣੇ ਬੱਚਿਆਂ ਦੀ ਪਰਵਰਿਸ਼ ਲਈ ਘੁਰਨੇ ਬਣਾਉਂਦੇ ਹਨ।

ਇਸ ਸਮੇਂ ਦੇ ਦੌਰਾਨ ਕਾਈਓਟੀਸ ਵੱਧ ਦਿਖਾਈ ਦਿੰਦੇ ਹਨ ਕਿਉਂਕਿ ਉਹ ਆਪਣੀਆਂ ਘੁਰਨਿਆਂ ਦੀ ਰੱਖਿਆ ਕਰਦੇ ਹਨ।

### ਜੇਕਰ ਤੁਹਾਡੇ ਖੇਤਰ ਵਿੱਚ ਘੁਰਨਾ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ

- ਜਦੋਂ ਕਾਈਓਟੀਸ ਦੇ ਬੱਚੇ ਛੋਟੇ ਹੋਣ ਤਾਂ ਕੁਝ ਹਫਤਿਆਂ ਲਈ ਆਪਣਾ ਪੈਦਲ ਚੱਲਣ ਦਾ ਰਸਤਾ ਬਦਲਣ ਬਾਰੇ ਸੋਚੋ। ਕਾਈਓਟੀਸ, ਕਦੇ ਨਾ ਕਦੇ ਘੁਰਨਾ ਛੱਡ ਦਿੰਦੇ ਹਨ।
- ਕਾਈਓਟੀਸ, ਘੁਰਨਿਆਂ ਜਾਂ ਉਹਨਾਂ ਦੇ ਬੱਚਿਆਂ ਕੋਲ ਨਾ ਜਾਓ, ਭਾਵੇਂ ਲੱਗੇ ਕਿ ਮਾਪੇ ਉਹਨਾਂ ਨੂੰ ਛੱਡ ਕੇ ਚਲੇ ਗਏ ਹਨ।
- ਘੁਰਨੇ ਦੇ ਬਾਹਰ ਨਾ ਰੁਕੋ ਜਾਂ ਇਸਦੇ ਨੇੜੇ ਨਾ ਜਾਓ।
- ਆਪਣੇ ਕੁੱਤੇ ਨੂੰ ਜ਼ੰਜੀਰ ਬੰਨ੍ਹ ਕੇ ਰੱਖੋ।
- ਆਪਣੇ ਕੁੱਤੇ ਨੂੰ, ਕਾਈਓਟੀ ਕੋਲ ਨਾ ਜਾਣ ਦਿਓ, ਨਾ ਉਸਦਾ ਪਿੱਛਾ ਕਰਨ ਦਿਓ ਅਤੇ ਨਾ ਹੀ ਉਸਦੇ ਨਾਲ ਖੇਡਣ ਦਿਓ, ਭਾਵੇਂ ਕਾਈਓਟੀ ਪਿਆਰਾ ਕਿਉਂ ਨਾ ਜਾਪੇ। ਕੁੱਤਿਆਂ ਨੂੰ ਕਾਈਓਟੀ ਦੇ ਨਾਲ ਦੋਸਤੀ ਕਰਨ ਜਾਂ ਉਸਨੂੰ ਤੰਗ ਕਰਨ ਦੇਣ ਨਾਲ, ਆਮ ਤੌਰ ਤੇ ਇਸ ਡਰਪੋਕ ਜਾਨਵਰ ਦਾ ਕੁਦਰਤੀ ਵਿਵਹਾਰ ਹੀ ਬਦਲ ਜਾਂਦਾ ਹੈ।

### ਮੈਂ ਹੋਰ ਕੀ ਕਰ ਸਕਦਾ ਹਾਂ?

- ਕਾਈਓਟੀ ਦਿੱਸੇ ਤਾਂ ਸਿਟੀ ਅਤੇ ਵਸਨੀਕਾਂ ਨੂੰ ਔਨਲਾਈਨ brampton.ca/coyotes ਤੇ ਦੱਸੋ ਕਿ ਕਿਹੜੇ ਖੇਤਰਾਂ ਵਿੱਚ ਕਾਈਓਟੀਸ ਵਾਰ-ਵਾਰ ਆ ਰਹੇ ਹਨ।
- 311 ਤੇ ਸੰਪਰਕ ਕਰੋ, ਜੇਕਰ ਤੁਸੀਂ ਦੇਖੋ ਕਿ ਭੋਜਨ ਬਾਹਰ ਛੱਡਿਆ ਗਿਆ ਹੈ ਜਾਂ ਪ੍ਰਾਪਰਟੀਜ਼ ਤੇ ਘਾਹ ਵਧੀ ਹੋਈ ਹੈ
- ਜੇਕਰ ਤੁਹਾਡਾ ਸਾਮ੍ਹਣਾ ਅਜਿਹੇ ਕਾਈਓਟੀ ਨਾਲ ਹੋਵੇ, ਜੋ ਤੁਹਾਨੂੰ ਬੀਮਾਰ ਜਾਂ ਜ਼ਖਮੀ ਦਿੱਸੇ ਤਾਂ 311 ਤੇ ਸੰਪਰਕ ਕਰੋ।
- ਜਾਣਕਾਰੀ ਲੈਂਦੇ ਰਹੋ ਅਤੇ ਕਾਈਓਟੀ ਦੇ ਪ੍ਰਤੀ ਜਾਗਰੂਕ ਬਣੋ!

## ਜੇਕਰ ਕਾਈਓਟੀ ਤੁਹਾਡਾ ਪਿੱਛਾ ਕਰੇ ਜਾਂ ਤੁਹਾਡੇ ਕੋਲ ਆ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ:

- **ਰੁਕੋ।** ਜੇ ਲੋੜ ਹੋਵੇ ਤਾਂ ਬੱਚਿਆਂ ਅਤੇ ਛੋਟੇ ਪਾਲਤੂ ਜਾਨਵਰਾਂ ਨੂੰ ਚੁੱਕ ਲਵੋ।
- **ਉੱਥੇ ਹੀ ਖੜ੍ਹੇ ਰਹੋ।** ਕਦੇ ਵੀ ਕਾਈਓਟੀ ਤੋਂ ਦੂਰ ਨਾ ਭੱਜੋ।
- **ਖੁਦ ਨੂੰ ਵੱਡਾ ਦਿਖਾਓ।** ਗੁੱਸੇ ਵਿੱਚ ਦਿਖੋ, ਸਿੱਧੇ ਖੜ੍ਹੇ ਰਹੋ, ਆਪਣੀਆਂ ਬਾਹਵਾਂ ਨੂੰ ਹਵਾ ਵਿੱਚ ਉੱਚਾ ਹਿਲਾਓ। ਹੈਰਾਨ ਕਰਨ ਵਾਲੇ, ਅਚੰਭੇ ਵਿੱਚ ਪਾਉਣ ਵਾਲੇ ਅਤੇ ਸੁਭਾਵਕ ਇਸ਼ਾਰੇ ਵਧੀਆ ਕੰਮ ਕਰਦੇ ਹਨ।
- **ਉੱਚੀ ਬੋਲੋ ਅਤੇ ਦ੍ਰਿੜ੍ਹ ਰਹੋ।** ਚੀਕੋ, ਆਪਣੇ ਪੈਰਾਂ ਨੂੰ ਜ਼ੋਰ-ਜ਼ੋਰ ਨਾਲ ਜ਼ਮੀਨ ਤੇ ਮਾਰੋ ਜਾਂ ਆਪਣੇ ਹੱਥਾਂ ਨਾਲ ਤਾਲੀ ਵਜਾਓ। ਕੋਈ ਸ਼ੋਰ ਕਰਨ ਵਾਲਾ ਉਪਕਰਨ ਨਾਲ ਰੱਖੋ, (ਜਿਵੇਂ ਸੀਟੀ, ਠਾਹ ਦੀ ਅਵਾਜ਼ ਕਰਨ ਲਈ ਪਲਾਸਟਿਕ ਬੈਗ ਜਾਂ ਛਤਰੀ)।
- **ਲੜੋ।** ਡਰਾਉਣ ਅਤੇ ਰੋਕਣ ਲਈ, ਕਾਈਓਟੀ ਦੀ ਸਧਾਰਨ ਦਿਸ਼ਾ ਵੱਲ ਕੁਝ ਸੋਟੀਆਂ ਜਾਂ ਪੱਥਰ ਸੁੱਟੋ। ਇਹਨਾਂ ਨੂੰ ਸਿੱਧੇ ਕਾਈਓਟੀ ਤੇ ਨਾ ਸੁੱਟੋ।
- **ਹੌਲੀ-ਹੌਲੀ ਪਿੱਛੇ ਹਟੋ।** ਅੱਖਾਂ ਦਾ ਸੰਪਰਕ ਬਣਾਓ ਅਤੇ ਯਾਦ ਰੱਖੋ, ਕਦੇ ਵੀ ਭੱਜੋ ਨਾ।

ਇਸਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕਰੋ ਅਤੇ ਉਹਨਾਂ ਨੂੰ ਸਿਖਾਓ, ਤਾਂ ਜੋ ਉਹ ਵੀ ਜਾਣ ਸਕਣ ਕਿ ਕਾਈਓਟੀ ਲਈ ਸੁਰੱਖਿਅਤ ਰੂਪ ਨਾਲ ਪ੍ਰਤੀਕਿਰਿਆ ਕਿਵੇਂ ਕਰਨੀ ਹੈ।

ਜੇਕਰ ਕਾਈਓਟੀ, ਪਬਲਿਕ ਸੁਰੱਖਿਆ ਲਈ ਤਤਕਾਲੀ ਖਤਰਾ ਹੋਵੇ, ਤਾਂ 911 ਤੇ ਫੋਨ ਕਰੋ।



## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਸਿਟੀ ਕਾਈਓਟੀਸ ਨੂੰ ਕਿਸੇ ਹੋਰ ਥਾਂ ਤੇ ਕਿਉਂ ਨਹੀਂ ਭੇਜਦੀ?

ਕਾਈਓਟੀਸ ਨੂੰ ਕਿਸੇ ਹੋਰ ਥਾਂ ਤੇ ਭੇਜਣਾ ਜਾਂ ਮਾਰਨਾ ਵਿਕਲਪ ਨਹੀਂ ਹੈ, ਇਹਨਾਂ ਨੂੰ ਫੜ੍ਹਨਾ ਬੇਹੱਦ ਮੁਸ਼ਕਲ ਹੈ ਅਤੇ ਇਹ ਅਸਥਾਈ ਉਪਾਅ ਹੈ। ਜੇਕਰ ਕਿਸੇ ਕਾਈਓਟੀ ਨੂੰ ਹਟਾਇਆ ਜਾਂਦਾ ਹੈ, ਤਾਂ ਇਸਦੇ ਨਤੀਜੇ ਵਜੋਂ ਹੋਰ ਖੇਤਰ ਵਿੱਚ ਆ ਜਾਣਗੇ। ਓਨਟੈਰੀਓ ਦੇ ਫਿਸ਼ ਐਂਡ ਵਾਈਲਡਲਾਈਫ ਕਨਜ਼ਰਵੇਸ਼ਨ ਐਕਟ (Fish and Wildlife Conservation Act) ਹੇਠ, ਕਾਈਓਟੀਸ ਨੂੰ ਫੜ੍ਹਨ ਅਤੇ ਇੱਕ ਕਿਲੋਮੀਟਰ ਤੋਂ ਵੱਧ ਦੂਰ ਤੱਕ ਛੱਡਣ ਦੀ ਇਜਾਜ਼ਤ ਨਹੀਂ ਹੈ।

### ਕਾਈਓਟੀ ਸਕਿਰਿਆ ਕਿਉਂ ਹੈ ਅਤੇ ਮੇਰਾ ਪਿੱਛਾ ਕਿਉਂ ਕਰ ਰਿਹਾ ਹੈ?

ਕਾਈਓਟੀਸ ਉਤਸੁਕ ਅਤੇ ਆਪਣੇ ਇਲਾਕੇ ਵਿੱਚ ਹਰ ਚੀਜ਼ ਤੋਂ ਜਾਣੂ ਹੁੰਦੇ ਹਨ। ਕਾਈਓਟੀਸ ਇਹ ਯਕੀਨੀ ਬਣਾਉਣ ਲਈ ਵਿਜ਼ੀਟਰਾਂ (ਆਉਣ ਵਾਲਿਆਂ) ਤੇ ਨਜ਼ਰ ਰੱਖਦੇ ਹਨ, ਪਹਿਰਾ ਦਿੰਦੇ ਹਨ ਜਾਂ ਉਹਨਾਂ ਦਾ ਪਿੱਛਾ ਕਰਦੇ ਹਨ ਕਿ ਉਹ ਉਸ ਖੇਤਰ ਤੋਂ ਚਲੇ ਗਏ ਹਨ ਅਤੇ ਉਸਦੇ ਪਰਿਵਾਰ ਲਈ ਖਤਰਾ ਨਹੀਂ ਹਨ।

### ਕੁੱਤੇ ਅਤੇ ਕਾਈਓਟੀਸ

ਕੁੱਤਿਆਂ ਅਤੇ ਕਾਈਓਟੀਸ ਦੇ ਵਿਚਕਾਰ ਜ਼ਿਆਦਾਤਰ ਸਥਿਤੀਆਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਕੁੱਤੇ ਜ਼ੰਜੀਰ ਨਾਲ ਬੰਨ੍ਹੇ ਨਹੀਂ ਹੁੰਦੇ ਜਾਂ ਅਜਿਹਾ ਦਿੱਸਦਾ ਹੈ। ਬਾਹਰ ਯਾਰਡ ਵਿੱਚ ਜਾਣ ਵੇਲੇ ਆਪਣੇ ਕੁੱਤੇ ਦੀ ਨਿਗਰਾਨੀ ਕਰੋ ਅਤੇ ਸੈਰ ਕਰਨ ਦੇ ਦੌਰਾਨ ਉਹਨਾਂ ਨੂੰ ਛੋਟੀ ਜ਼ੰਜੀਰ ਨਾਲ ਬੰਨ੍ਹ ਕੇ ਰੱਖੋ। ਜੇਕਰ ਤੁਹਾਨੂੰ ਪਤਾ ਹੋਵੇ ਕਿ ਤੁਹਾਡੇ ਖੇਤਰ ਵਿੱਚ ਕਾਈਓਟੀ ਨੂੰ ਦੇਖਿਆ ਗਿਆ ਹੈ, ਤਾਂ ਅਸਥਾਈ ਤੌਰ ਤੇ ਆਪਣਾ ਸੈਰ ਕਰਨ ਦਾ ਸ਼ੈਡਿਊਲ ਜਾਂ ਰਸਤਾ ਬਦਲਣ ਬਾਰੇ ਸੋਚੋ।

### ਜੇਕਰ ਮੈਂ ਕਾਈਓਟੀਸ ਨੂੰ ਭੋਜਨ ਖੁਆਵਾਂ ਤਾ ਕੀ ਹੋਵੇਗਾ?

ਕਦੇ ਵੀ ਕਾਈਓਟੀ ਨੂੰ ਭੋਜਨ ਨਾ ਖਵਾਓ ਜਾਂ ਉਸਦੇ ਲਈ ਭੋਜਨ ਬਾਹਰ ਨਾ ਛੱਡੋ। ਕਿਉਂਕ ਇਹ ਬਹੁਤ ਹੁਸ਼ਿਆਰ ਜਾਨਵਰ ਹਨ, ਇਸਲਈ ਉਹ ਪਛਾਣ ਲੈਣਗੇ ਕਿ ਮਨੁੱਖ ਉਹਨਾਂ ਨੂੰ ਭੋਜਨ ਖੁਆ ਰਹੇ ਹਨ। ਇਸਦੇ ਨਤੀਜਾ ਸਿਰਫ ਇਹ ਹੋਵੇਗਾ ਕਿ ਉਹ ਉਸ ਖੇਤਰ ਵਿੱਚ ਵਾਪਸ ਆਉਣਗੇ, ਸੰਭਵ ਤੌਰ ਤੇ ਮਨੁੱਖਾਂ ਦੇ ਪ੍ਰਤੀ ਵੱਖਰਾ ਵਿਵਹਾਰ ਦਰਸਾਉਣਗੇ।

### ਕਾਈਓਟੀਸ ਨੂੰ ਤੁਹਾਡੀ ਪ੍ਰਾਪਰਟੀ ਤੋਂ ਦੂਰ ਰੱਖਣਾ

ਕਾਈਓਟੀਸ ਨੂੰ ਲੋਕਾਂ ਲਈ ਵੱਡਾ ਜੋਖਮ ਨਹੀਂ ਮੰਨਿਆ ਜਾਂਦਾ, ਪਰੰਤੂ ਤੁਹਾਡੀ ਪ੍ਰਾਪਰਟੀ ਤੇ ਜਾਂ ਸੈਰ ਕਰਨ ਦੇ ਦੌਰਾਨ ਇਸਦਾ ਦਿੱਸਣਾ, ਡਰਾਉਣਾ ਹੋ ਸਕਦਾ ਹੈ। ਇੱਥੇ ਕੁਝ ਉਪਾਅ ਦਿੱਤੇ ਗਏ ਹਨ, ਜੋ ਅਸੀਂ ਕਾਈਓਟੀਸ ਨੂੰ ਸਾਡੇ ਬੈਕਯਾਰਡਾਂ ਅਤੇ ਗਵਾਂਢਾਂ ਤੋਂ ਦੂਰ ਰੱਖਣ ਲਈ ਕਰ ਸਕਦੇ ਹਾਂ।

- ਆਪਣੀ ਪ੍ਰਾਪਰਟੀ ਤੋਂ ਭੋਜਨ ਦੇ ਸਾਰੇ ਸਰੋਤ ਹਟਾ ਦਿਓ, ਜਿਵੇਂ ਗਾਰਡਨ ਵਿੱਚ ਖਰਾਬ ਹੋਈਆਂ ਸਬਜ਼ੀਆਂ, ਪੰਛੀਆਂ ਦਾ ਚੋਗਾ, ਗੰਦੇ ਬਾਰਬੇਕਿਊ, ਪਾਲਤੂ ਜਾਨਵਰਾਂ ਦਾ ਭੋਜਨ ਆਦਿ।
- ਵਾੜਾਂ ਵਿੱਚ ਅਤੇ ਡੈਕਸ ਅਤੇ ਸ਼ੈਂਡਸ ਦੇ ਹੇਠਾਂ ਮੋਰੀਆਂ ਨੂੰ ਭਰ ਦਿਓ।
- ਪਾਲਤੂ ਜਾਨਵਰਾਂ ਨੂੰ ਕਦੇ ਵੀ ਬਾਹਰ ਇਕੱਲਾ ਨਾ ਛੱਡੋ।
- ਕਾਈਓਟੀਸ ਦੀ ਮੌਜੂਦਗੀ ਨੂੰ ਰੋਕਣ ਲਈ ਆਪਣੀ ਪ੍ਰਾਪਰਟੀ ਤੇ ਡਰਾ ਕੇ ਭਜਾਉਣ ਦਾ ਅਭਿਆਸ ਕਰੋ।